**16ਵੀਂ ਪੰਜਾਬ ਵਿਧਾਨ ਸਭਾ** | **ਪੰਜਾਬ ਵਿਧਾਨ ਸਭਾ**

ਬਾਰ੍ਹਵਾਂ (ਬਜਟ)**ਸਮਾਗਮ** | **ਬੁਲੇਟਿਨ ਨੰ: 5**

**ਬੁੱਧਵਾਰ, 11 ਮਾਰਚ, 2026**

(10.00 ਵਜੇ ਪੂਰਵ ਦੁਪਹਿਰ ਤੋਂ 06.03 ਵਜੇ ਸ਼ਾਮ ਤੱਕ)

1. **ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 19 | - | - | 1 | 20 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 6**

2. **ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖਸੀਅਤਾਂ/ਵਿਜੀਟਰਜ਼ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

1. ਪੋਸਟ ਗ੍ਰੈਜੂਏਟ ਗੌਰਮਿੰਟ ਕਾਲਜ ਫਾਰ ਗਰਲਜ਼, ਸੈਕਟਰ 42, ਚੰਡੀਗੜ੍ਹ ਦੇ ਵਿਦਿਆਰਥੀ;
2. ਖਾਲਸਾ ਕਾਲਜ ਫਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ, ਪੰਜਾਬ ਦੇ ਵਿਦਿਆਰਥੀ;
3. ਸ੍ਰੀਮਤੀ ਜਯੋਤੀ ਮਲਹੋਤਰਾ, ਐਡੀਟਰ ਇਨ ਚੀਫ, ਦਿ ਟ੍ਰਿਬਿਊਨ;
4. ਇੰਸਟੀਚਿਊਟ ਆਫ਼ ਸੋਸ਼ਲ ਸਾਇੰਸ, ਐਜੂਕੇਸ਼ਨ ਐਂਡ ਰਿਸਰਚ, ਪੰਜਾਬ ਯੂਨੀਵਰਸਿਟੀ (ਪੀ.ਯੂ.) ਚੰਡੀਗੜ੍ਹ ਦੇ ਵਿਦਿਆਰਥੀ;
5. ਸੰਤ ਮਨਦੀਪ ਦਾਸ ਜੀ ਮਹਾਰਾਜ ;
6. ਪੰਜਾਬ ਦੇ ਉੱਘੇ ਕਲਾਕਾਰ ਸ੍ਰੀ ਬਰਿੰਦਰ ਸਿੰਘ (ਬੀਨੂ ਢਿੱਲੋਂ) ਅਤੇ ਉੱਘੇ ਕਲਾਕਾਰ ਤੇ ਲਿਖਾਰੀ ਸ੍ਰੀ ਗਗਨ ਕੋਕਰੀ ਜੀ।

3. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥੱਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ 11.11 ਵਜੇ ਪੂਰਵ ਦੁਪਹਿਰ ਤੋਂ 11.31 ਵਜੇ ਪੂਰਵ ਦੁਪਹਿਰ ਤੱਕ ਅਤੇ 12.52 ਵਜੇ ਬਾਅਦ ਦੁਪਹਿਰ ਤੋਂ 02.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਗਿਆ।

4. **ਵਾਕ ਆਊਟ**

ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਨਾ ਦੇਣ ਦੇ ਰੋਸ ਵਜੋਂ ਸਦਨ ਵਿਚੋਂ ਵਾਕ ਆਊਟ ਕਰ ਗਏ।

5. **ਮਾਣਯੋਗ ਸਪੀਕਰ ਵੱਲੋਂ ਪ੍ਰੇਖਣ**

ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਦੁਆਰਾ ਜ਼ੀਰੋ ਆਵਰ ਵਿੱਚ ਸਿਵਲ ਸਰਵਿਸਿਜ਼ ਦੇ ਲਿਖਤੀ ਟੈਸਟ ਵਿੱਚ ਵਾਧੂ ਨੰਬਰ ਲੈਣ ਦੇ ਬਾਵਜੂਦ ਅਨੁਸੂਚਿਤ ਜਾਤੀਆਂ ਦੇ

ਵਿਦਿਆਰਥੀਆਂ ਨੂੰ ਯੂ.ਪੀ.ਐਸ.ਸੀ. (UPSC) ਵੱਲੋਂ ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਦੇ ਮੁਕਾਬਲੇ ਇੰਟਰਵਿਊ ਵਿੱਚ ਘੱਟ ਨੰਬਰ ਦੇਣ ਦੇ ਮੁੱਦੇ ਬਾਰੇ ਹੇਠ ਲਿਖੇ ਅਨੁਸਾਰ ਪ੍ਰੇਖਣ ਕੀਤਾ:-

"ਮੈਂ ਤਵੱਕੋ ਕਰਦਾ ਹਾਂ ਕਿ ਸਾਡਾ ਡਿਪਾਰਟਮੈਂਟ ਆਫ ਪ੍ਰਸੋਨਲ, ਯੂ.ਪੀ.ਐਸ.ਸੀ. ਨਾਲ ਟੇਕ ਅੱਪ ਕਰਕੇ ਪਿਛਲੇ ਦਸਾਂ ਸਾਲਾਂ ਦੀ ਸਾਰੀ ਬ੍ਰੇਕ ਅੱਪ ਲਵੇ so that they should note that we are watching".

6. **ਧਿਆਨ ਦਿਵਾਊ ਨੋਟਿਸ**

1) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ, ਵੱਲੋਂ ਸਰਕਾਰ ਦਾ ਧਿਆਨ ਬੱਚਿਆਂ ਵਿੱਚ ਮੋਬਾਇਲ ਫੋਨਾਂ ਦੀ ਵੱਧ ਰਹੀ ਆਦਤ ਅਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਵੱਲ ਦਿਵਾਇਆ ਗਿਆ। (ਨੰ: 28)

ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

2) ਸ਼੍ਰੀ ਰਜਨੀਸ਼ ਕੁਮਾਰ ਦਹੀਆ, ਐਮ.ਐਲ.ਏ, ਵੱਲੋਂ ਸਰਕਾਰ ਦਾ ਧਿਆਨ ਪੀਣ ਵਾਲੇ ਪਾਣੀ ਦੀਆਂ ਪਾਈਪ ਲਾਈਨਾਂ ਟੁੱਟਣ/ਲੀਕੇਜ ਕਾਰਨ ਫਿਰੋਜ਼ਪੁਰ ਵਿਧਾਨ ਸਭਾ ਹਲਕੇ ਦੇ ਪਿੰਡ ਹਜ਼ਾਰਾ ਸਿੰਘ ਵਾਲਾ, ਤਹਿਸੀਲ ਮਮਦੋਟ ਵਿੱਚ ਲੈਪਟੋਸਪਾਇਰੋਸਿਸ ਬਿਮਾਰੀ ਫੈਲਣ ਵੱਲ ਦਿਵਾਇਆ ਗਿਆ। (ਨੰ: 30)

ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

7. **ਨਿੰਦਾ ਪ੍ਰਸਤਾਵ**

ਸ਼੍ਰੀ ਲਾਲ ਚੰਦ, ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਵੱਲੋਂ ਨਿਮਨਲਿਖਤ ਨਿੰਦਾ ਪ੍ਰਸਤਾਵ ਸਦਨ ਵਿੱਚ ਪੇਸ਼ ਕੀਤਾ ਗਿਆ-

"ਇਰਾਨ ਦਾ ਅਮਰੀਕਾ ਤੇ ਇਜ਼ਰਾਇਲ ਨਾਲ ਯੁੱਧ ਜੋ ਲਗਭਗ ਸੱਤ ਦੇਸ਼ਾਂ ਨੂੰ ਵੀ ਚਪੇਟ ਵਿੱਚ ਲੈ ਚੁੱਕਿਆ ਹੈ, ਉਹ ਭਾਰਤ ਦੀ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ ਦੀ ਵਿਫਲਤਾ ਦੇ ਕਾਰਨ ਅੱਜ ਭਾਰਤੀ ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਦੇ ਰਿਹਾ ਹੈ। ਭਾਰਤ ਦੇ ਲੋਕਾਂ ਖਾਸ ਕਰ ਅਦਾਰਿਆਂ ਨੂੰ ਲਗਾਤਾਰ ਐਲ.ਪੀ.ਜੀ. ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਇੱਕ ਪਾਸੇ ਤਾਂ ਝੂਠੇ ਆਸ਼ਵਾਸਨ ਦੇ ਰਹੀ ਹੈ ਪਰੰਤੂ ਦੂਜੇ ਪਾਸੇ ਖੁਦ ਐਲ.ਪੀ.ਜੀ. ਦੇ ਰੇਟਾਂ ਵਿੱਚ ਭਾਰੀ ਵਾਧਾ ਕੀਤਾ ਹੈ। ਜੋ 14 ਕਿਲੋ ਦੇ ਘਰੇਲੂ ਸਿਲੰਡਰ ਵਿੱਚ 60/- ਰੁਪਏ ਅਤੇ ਕਮਰਸ਼ੀਅਲ ਸਿਲੰਡਰਾਂ ਵਿੱਚ 115/- ਰੁਪਏ ਦਾ ਵਾਧਾ ਕਰ ਦਿੱਤਾ ਹੈ ਜੋ ਖੁਦ ਦਰਸਾ ਰਿਹਾ ਹੈ ਕਿ ਕਿੱਲਤ ਜ਼ਿਆਦਾ ਹੈ।

ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ ਜੋ ਪੰਜ ਲੱਖ ਤੋਂ ਵੱਧ ਰੈਸਟੋਰੈਂਟਸ ਦੀ ਨੁਮਾਇੰਦਗੀ ਕਰਦੀ ਹੈ ਉਸ ਨੇ ਅਲਾਰਮ ਕੀਤਾ ਹੈ ਕਿ ਅਗਲੇ 72 ਘੰਟੇ ਵਿੱਚ ਜੇਕਰ ਐਲ.ਪੀ.ਜੀ. ਦੀ ਗੈਸ ਦੀ ਸਪਲਾਈ ਸਹੀ ਨਹੀਂ ਹੁੰਦੀ ਤਾਂ ਰੈਸਟੋਰੈਂਟ ਬੰਦ ਕਰਨੇ ਪੈ ਸਕਦੇ ਹਨ। ਇਸ ਦਾ ਇਹ ਅਸਰ ਪਵੇਗਾ ਕਿ ਜਿਹੜੇ ਲੋਕ ਰੋਡ ਤੇ, ਹਾਈਵੇਅ ਤੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਜੇ ਕਿਤੇ ਚਾਹ ਪੀਣੀ ਹੈ, ਰੋਟੀ ਖਾਣੀ ਹੈ, ਘਰਾਂ ਤੋਂ ਨਿਕਲੇ ਹਨ, ਤਾਂ ਉਸ ਦੀ ਆਉਣ ਵਾਲੇ ਸਮੇਂ ਵਿੱਚ ਕੀ ਸਥਿਤੀ ਬਣੇਗੀ। ਸੋ, ਉਹ ਕਹਿ ਰਹੇ ਹਨ ਕਿ ਰੈਸਟੋਰੈਂਟ ਬੰਦ ਕਰਨੇ ਪੈਣਗੇ। ਪਹਿਲਾਂ ਹੀ ਚੇਨੱਈ, ਮੁੰਬਈ ਅਤੇ ਬੈਂਗਲੋਰ ਵਿੱਚ ਐਲ.ਪੀ.ਜੀ. ਦੀ ਬਹੁਤ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ।

ਐਲ.ਪੀ.ਜੀ. ਸਿਲੰਡਰ ਦੀ ਹਾਲਤ ਇਹ ਹੈ ਕਿ ਜੇ ਦਿੱਲੀ ਵਿੱਚ ਸਿਲੰਡਰ 913/- ਰੁਪਏ ਦਾ ਹੈ ਤਾਂ ਮੁੰਬਈ ਵਿੱਚ 939/- ਰੁਪਏ ਤੇ ਪਹੁੰਚ ਚੁੱਕਿਆ ਹੈ ਅਤੇ ਪਟਨਾ ਵਿੱਚ 1002/- ਰੁਪਏ ਤੇ ਘਰੇਲੂ ਸਿਲੰਡਰ ਮਿਲ ਰਿਹਾ ਹੈ।

ਕੇਂਦਰ ਸਰਕਾਰ ਨੇ ਚੰਦ ਕਾਰਪੋਰੇਟ ਘਰਾਣਿਆਂ ਨੂੰ ਅੱਗੇ ਵਧਾਉਣ ਲਈ ਜੋ ਭਾਰਤ ਦੀ ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਹੈ, ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਅਸੀਂ ਸਾਰੇ ਦੇਖਦੇ ਹਾਂ ਕਿ ਸਾਡੀਆਂ ਜੰਗਾਂ ਰੁਕਵਾਉਣ ਵਿੱਚ ਵੀ ਉਹ ਭੂਮਿਕਾ ਅਦਾ ਕਰਦੇ ਹਨ। ਅਸੀਂ ਤੇਲ ਕਿਹੜੇ ਦੇਸ਼ ਤੋਂ ਲੈਣਾ ਹੈ, ਇਹ ਵੀ ਉਹ ਤੈਅ ਕਰਦੇ ਹਨ। ਉਹ ਇਹ ਵੀ ਡਿਕਟੇਟ ਕਰਦੇ ਹਨ ਕਿ ਕਿੰਨੇ ਦਿਨ ਤੱਕ ਤੇਲ ਲੈਣਾ ਹੈ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਹੈ ਤੇ ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ ਕਿਉਂਕਿ ਅੱਜ ਭਾਰਤ ਕਿਸ ਨੂੰ ਆਪਣਾ ਦੋਸਤ ਕਹੇਗਾ ਤੇ ਕਿਸ ਨੂੰ ਨਹੀਂ, ਇਹ ਅੱਜ ਦੀ ਵਿਦੇਸ਼ ਨੀਤੀ ਨੇ ਬਹੁਤ ਵੱਡੇ ਸ਼ੰਕੇ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਹੈ।

ਅਸੀਂ ਅੱਜ ਪੰਜਾਬ ਦੀ ਵਿਧਾਨ ਸਭਾ ਵੱਲੋਂ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੂਰੇ ਦੇਸ਼ ਨੂੰ ਖਤਰੇ ਵਿੱਚ ਪਾਉਣ ਲਈ ਨਿੰਦਾ ਪ੍ਰਸਤਾਵ ਪੇਸ਼ ਕਰਨ ਲਈ ਬੇਨਤੀ ਕਰਦੇ ਹਾਂ।"

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਨਿੰਦਾ ਪਸ੍ਰਤਾਵ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ | 02 ਮਿੰਟ |
| 2. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 03 ਮਿੰਟ |
| 3. | ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ | 03 ਮਿੰਟ |

ਉਪਰੰਤ ਮਾਣਯੋਗ ਸਪੀਕਰ ਸਾਹਿਬ ਵੱਲੋਂ ਸਦਨ ਦੀ ਸਹਿਮਤੀ ਨਾਲ ਐਲਾਨ ਕੀਤਾ ਕਿ ਬਹਿਸ ਮਿਤੀ 12.03.2026 ਨੂੰ ਮੁੜ ਆਰੰਭ ਕੀਤੀ ਜਾਵੇਗੀ।

8. <u>ਰਿਪੋਰਟਾਂ ਪੇਸ਼ ਕਰਨਾ</u>

1) ਲੋਕ ਲੇਖਾ ਸਬੰਧੀ ਕਮੇਟੀ ਦੇ ਸਭਾਪਤੀ (ਡਾ. ਇੰਦਰਬੀਰ ਸਿੰਘ ਨਿੱਜਰ) ਨੇ ਹੇਠ ਲਿਖੀਆਂ ਰਿਪੋਰਟਾਂ ਪੇਸ਼ ਕੀਤੀਆਂ:-

   1. ਪੰਜਾਬ ਸਰਕਾਰ ਨੇ ਨਮਿੱਤਣ ਲੇਖਿਆਂ ਨਾਲ ਸਬੰਧਤ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨਾਲ ਸਬੰਧਤ ਸਾਲ 2016-17 (ਸਿਵਲ) ਲਈ ਭਾਰਤ ਦੇ ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ 219ਵੀਂ ਰਿਪੋਰਟ।
   2. ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਨਾਲ ਸਬੰਧਤ ਅਤੇ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਨਾਲ ਸਬੰਧਤ ਸਾਲ 2016-17 ਅਤੇ 2018-19 (ਮਾਲੀਆ ਪ੍ਰਾਪਤੀਆਂ) ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਕਮੇਟੀ ਦੀ 220ਵੀਂ ਰਿਪੋਰਟ।

ਰਿਪੋਰਟਾਂ ਪੇਸ਼ ਕਰਦਿਆਂ ਸਭਾਪਤੀ, ਲੋਕ ਲੇਖਾ ਕਮੇਟੀ, ਡਾ. ਇੰਦਰਬੀਰ ਸਿੰਘ ਨਿੱਜਰ 04 ਮਿੰਟ ਲਈ ਬੋਲੇ।

2) ਸਰਕਾਰੀ ਕਾਰੋਬਾਰ ਕਮੇਟੀ ਦੇ ਸਭਾਪਤੀ (ਸਰਦਾਰ ਜਗਰੂਪ ਸਿੰਘ ਗਿੱਲ) ਨੇ ਹੇਠ ਲਿਖੀਆਂ ਰਿਪੋਰਟਾਂ ਪੇਸ਼ ਕੀਤੀਆਂ:-

1. ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੇ ਆਮ ਕੰਮ-ਕਾਰ ਤੇ 127ਵੀਂ ਰਿਪੋਰਟ।
2. ਪੰਜਾਬ ਊਰਜਾ ਵਿਕਾਸ ਏਜੰਸੀ ਦੇ ਆਮ ਕੰਮ-ਕਾਰ ਤੇ 128ਵੀਂ ਰਿਪੋਰਟ।

ਰਿਪੋਰਟਾਂ ਪੇਸ਼ ਕਰਦਿਆਂ ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ, ਸਰਦਾਰ ਜਗਰੂਪ ਸਿੰਘ ਗਿੱਲ 02 ਮਿੰਟ ਲਈ ਬੋਲੇ।

3) ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਕੁਲਵੰਤ ਸਿੰਘ) ਨੇ ਹੇਠ ਲਿਖੀਆਂ ਰਿਪੋਰਟਾਂ ਪੇਸ਼ ਕੀਤੀਆਂ:-

1. ਸ਼ਹਿਰੀ ਸਥਾਨਕ ਸੰਸਥਾਵਾਂ ਨਾਲ ਸਬੰਧਤ ਸਾਲ 2016 ਤੋਂ 2019 ਲਈ ਵੱਖ-ਵੱਖ ਆਡਿਟ ਪੈਰ੍ਹਿਆਂ ਤੇ ਚੌਥੀ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ।
2. ਮਿਉਂਸਪਲ ਕੌਂਸਲ, ਡੇਰਾਬਸੀ ਦੇ ਆਮ ਕੰਮ-ਕਾਰ ਤੇ ਪੰਜਵੀਂ ਰਿਪੋਰਟ।

ਰਿਪੋਰਟਾਂ ਪੇਸ਼ ਕਰਦਿਆਂ ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ, ਸਰਦਾਰ ਕੁਲਵੰਤ ਸਿੰਘ 02 ਮਿੰਟ ਲਈ ਬੋਲੇ।

9. **ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 4 ਅਧੀਨ ਦਰਸਾਏ ਗਏ 1 ਤੋਂ 5 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

10. **ਸਾਲ 2026-27 ਲਈ ਬਜਟ ਅਨੁਮਾਨਾਂ ਉੱਤੇ ਮੁੜ ਬਹਿਸ ਆਰੰਭ ਕਰਨਾ**

ਸਾਲ 2026-27 ਲਈ ਬਜਟ ਅਨੁਮਾਨਾਂ ਤੇ ਮੁੜ ਬਹਿਸ ਆਰੰਭ ਕੀਤੀ ਗਈ ਅਤੇ ਨਿਮਨਲਿਖਤ ਮੈਂਬਰਾਂ ਨੇ ਬਜਟ ਅਨੁਮਾਨਾਂ ਤੇ ਆਮ ਬਹਿਸ ਵਿੱਚ ਦਰਸਾਏ ਸਮੇਂ ਅਨੁਸਾਰ ਹਿੱਸਾ ਲਿਆ:-

| | |
|---|---|
| 1. ਡਾ. ਰਵਜੋਤ ਸਿੰਘ, ਸੰਸਦੀ ਮਾਮਲੇ ਮੰਤਰੀ | 06 ਮਿੰਟ |
| 2. ਸਰਦਾਰ ਹਰਦੀਪ ਸਿੰਘ ਮੁੰਡੀਆਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ | 05 ਮਿੰਟ |
| 3. ਸਰਦਾਰ ਰੁਪਿੰਦਰ ਸਿੰਘ, ਆਮ ਆਦਮੀ ਪਾਰਟੀ | 05 ਮਿੰਟ |
| 4. ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਆਮ ਆਦਮੀ ਪਾਰਟੀ | 06 ਮਿੰਟ |
| 5. ਡਾ. ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | 04 ਮਿੰਟ |
| 6. ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਆਮ ਆਦਮੀ ਪਾਰਟੀ | 05 ਮਿੰਟ |
| 7. ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ | 07 ਮਿੰਟ |
| 8. ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 07 ਮਿੰਟ |
| 9. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 09 ਮਿੰਟ |
| 10. ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ | 18 ਮਿੰਟ |
| 11. ਸਰਦਾਰ ਰਣਬੀਰ ਸਿੰਘ, ਆਮ ਆਦਮੀ ਪਾਰਟੀ | 04 ਮਿੰਟ |
| 12. ਸ਼੍ਰੀਮਤੀ ਅਨਮੋਲ ਗਗਨ ਮਾਨ, ਆਮ ਆਦਮੀ ਪਾਰਟੀ | 09 ਮਿੰਟ |
| 13. ਸ਼੍ਰੀ ਮੋਹਿੰਦਰ ਭਗਤ, ਬਾਗਬਾਨੀ ਮੰਤਰੀ | 06 ਮਿੰਟ |

14. ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਆਮ ਆਦਮੀ ਪਾਰਟੀ — 07 ਮਿੰਟ
15. ਸਰਦਾਰ ਕਰਮਬੀਰ ਸਿੰਘ, ਆਮ ਆਦਮੀ ਪਾਰਟੀ — 06 ਮਿੰਟ
16. ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ — 10 ਮਿੰਟ
17. ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ — 10 ਮਿੰਟ
18. ਸ੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ — 14 ਮਿੰਟ
19. ਰਾਣਾ ਇੰਦਰ ਪ੍ਰਤਾਪ ਸਿੰਘ, ਅਜ਼ਾਦ ਮੈਂਬਰ — 03 ਮਿੰਟ
20. ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਆਮ ਆਦਮੀ ਪਾਰਟੀ — 07 ਮਿੰਟ
21. ਸਰਦਾਰ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ — 08 ਮਿੰਟ

ਮਾਣਯੋਗ ਵਿੱਤ ਮੰਤਰੀ ਅਤੇ ਮਾਣਯੋਗ ਮੁੱਖ ਮੰਤਰੀ ਬਜਟ ਅਨੁਮਾਨਾਂ ਤੇ ਆਮ ਬਹਿਸ ਦਾ ਜਵਾਬ ਦਿੰਦੇ ਹੋਏ ਕ੍ਰਮਵਾਰ 26 ਅਤੇ 54 ਮਿੰਟਾਂ ਲਈ ਬੋਲੇ।

**11. <u>ਸਦਨ ਦਾ ਸਮਾਂ ਵਧਾਉਣ ਸਬੰਧੀ</u>**

ਮਾਣਯੋਗ ਸਪੀਕਰ ਵੱਲੋਂ ਅੱਜ ਦੀ ਬੈਠਕ ਦਾ ਸਮਾਂ ਅੱਜ ਦੀ ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

**12. <u>ਵਿੱਤੀ ਕੰਮ-ਕਾਰ</u>**

**1. <u>ਸਾਲ 2026-27 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ</u>**

ਕਾਰਜਸੂਚੀ ਵਿੱਚ ਦਰਜ ਮੰਗ ਨੰ: 1 ਤੋਂ 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

**2. <u>ਪੰਜਾਬ ਨਮਿੱਤਣ (ਨੰ:2) ਬਿਲ, 2026</u>**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ:2) ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਇਕੱਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ ਪੰਜਾਬ ਨਮਿੱਤਣ (ਨੰ:2) ਬਿਲ, 2026 ਪਾਸ ਕੀਤਾ ਜਾਵੇ, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਮਾਣਯੋਗ ਡਿਪਟੀ ਸਪੀਕਰ ਨੇ 12.42 ਵਜੇ ਬਾਅਦ ਦੁਪਹਿਰ ਤੋਂ 12.52 ਵਜੇ ਬਾਅਦ ਦੁਪਹਿਰ ਤੱਕ ਅਤੇ 02.49 ਵਜੇ ਬਾਅਦ ਦੁਪਹਿਰ ਤੋਂ 03.21 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ, ਸਦਨ ਵੀਰਵਾਰ ਮਿਤੀ 12 ਮਾਰਚ, 2026 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਰਾਮ ਲੋਕ ਖਟਾਣਾ,**
**ਸਕੱਤਰ**

**ਚੰਡੀਗੜ੍ਹ**
**11 ਮਾਰਚ, 2026**